# ऐसा जोगी मेरा

ਐਸਾ ਜੋਗੀ ਮੇਰਾ, ਜੇਹੜਾ ਵਿੱਛੜਿਆਂ ਨੂੰ ਮੇਲਦਾ ॥
ਪੌਣਾਹਾਰੀ ਮੇਰਾ, ਜੇਹੜਾ ਵਿੱਛੜਿਆਂ ਨੂੰ ਮੇਲਦਾ ॥
*ਸਿੱਧ ਜੋਗਾ ਨਾਲ ਪ੍ਰੀਤਾਂ ਪਾ ਲੈ,
*ਬਾਬਾ ਜੀ ਦਾ ਨਾਮ ਧਿਆ ਲੈ, ਕਿਓਂ ਐਬਾਂ ਨਾਲ ਖੇਲ੍ਹਦਾ,,,
ਐਸਾ ਜੋਗੀ ਮੇਰਾ,,,,,,,,,,,,,,,,,,,,,,,,,,,

^ਸੋਹਣ ਜਟਾਵਾਂ ਸੋਨੇ ਰੰਗੀਆਂ, "ਜੋਗੀ ਦੂਰ ਕਰੇ ਸਭ ਤੰਗੀਆਂ" ।
^ਸ਼ਰਧਾ ਨਾਲ ਜੋ ਰੋਟ ਚੜ੍ਹਾਵੇ, "ਮਿਲਣ ਮੁਰਾਦਾਂ ਓਹਨਾਂ ਨੂੰ ਮੰਗੀਆਂ" ॥
*ਸੁੱਕੇ ਰੁੱਖਾਂ ਨੂੰ ਫ਼ਲ ਲੱਗਦੇ ॥, ਹੱਥ ਕਰੇ ਜਦੋਂ ਮੇਹਰ ਦਾ,,,
ਐਸਾ ਜੋਗੀ ਮੇਰਾ,,,,,,,,,,,,,,,,,,,,,,,,,,,

^ਬਾਬਾ ਬਾਲਕ ਹੈ ਬ੍ਰਹਮਚਾਰੀ, "ਪੌਣਾਹਾਰੀ ਦੁੱਧਾਧਾਰੀ" ।
^ਧਰਮ ਦਾ ਪੁੱਤ ਬਣਾ ਕੇ ਉਸਨੂੰ, "ਤਰ ਗਈ ਮਾਤਾ ਰਤਨੋ ਲੁਹਾਰੀ" ॥
*ਪੌਣਾਹਾਰੀ / ਦੁੱਧਾਧਾਰੀ ਮੇਹਰਾਂ ਕਰਕੇ ॥, ਕਿਸਮਤ ਪਲਾਂ 'ਚ ਫੇਰਦਾ,,,
ਐਸਾ ਜੋਗੀ ਮੇਰਾ,,,,,,,,,,,,,,,,,,,,,,,,,,,

^ਏਹ ਜਿੰਦ ਚਾਰ ਦਿਨਾਂ ਦਾ ਮੇਲਾ, "ਹੱਥ ਨੀ ਆਉਣਾ ਖੁੰਝਿਆਂ ਵੇਲਾ" ।
^ਮੇਰੀ ਮੇਰੀ ਕਰ ਨਾ ਬੂਟੇ, "ਜਾਣਾ ਜੱਗ ਤੋਂ ਪਊ ਅਕੇਲਾ" ॥
*ਚੱਲਦੀ ਗੱਡੀ ਚੰਗੀ ਲੱਗਦੀ ॥, ਰੁਕੀ ਨੂੰ ਕੋਈ ਨਾ ਠੇਲ੍ਹਦਾ,,,
ਐਸਾ ਜੋਗੀ ਮੇਰਾ,,,,,,,,,,,,,,,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://alltvads.com/bhajan/lyrics/id/25130/title/aisa-jogi-mera

अपने Android मोबाइल पर BhajanGanga App डाउनलोड करें और भजनों का आनंद ले |